**ਭਾਰਤ-ਬੰਗਲਾਦੇਸ਼ ਦੀ ਸਰਹੱਦ 'ਤੇ ਵਾੜ ਦਾ ਨਿਰਮਾਣ**

13 ਜਨਵਰੀ, 2025

ਵਿਦੇਸ਼ ਮੰਤਰਾਲੇ ਨੇ ਅੱਜ, ਭਾਰਤ ਵਿੱਚ ਬੰਗਲਾਦੇਸ਼ ਦੇ ਕਾਰਜਕਾਰੀ ਹਾਈ ਕਮਿਸ਼ਨਰ, ਸ਼੍ਰੀ ਮੁਹੰਮਦ ਨੂਰਲ ਇਸਲਾਮ ਨੂੰ 13 ਜਨਵਰੀ, 2025 ਨੂੰ ਦੁਪਹਿਰ 2:00 ਵਜੇ ਸਾਊਥ ਬਲਾਕ ਵਿੱਚ ਤਲਬ ਕੀਤਾ।

2. ਇਹ ਦੱਸਿਆ ਗਿਆ ਸੀ ਕਿ ਭਾਰਤ ਨੇ ਵਾੜ ਬਣਾਉਣ ਸਮੇਤ, ਸਰਹੱਦ 'ਤੇ ਸੁਰੱਖਿਆ ਉਪਾਵਾਂ, ਸੰਬੰਧੀ ਦੋਵਾਂ ਸਰਕਾਰਾਂ ਅਤੇ ਸੀਮਾ ਸੁਰੱਖਿਆ ਬਲ ਅਤੇ ਬਾਰਡਰ ਗਾਰਡ ਬੰਗਲਾਦੇਸ਼ ਵਿਚਕਾਰ ਲਾਗੂ ਸਾਰੇ ਪ੍ਰੋਟੋਕੋਲ ਅਤੇ ਸਮਝੌਤਿਆਂ ਦੀ ਪਾਲਣਾ ਕੀਤੀ ਹੈ।

3. ਭਾਰਤ ਨੇ ਸਰਹੱਦ ਪਾਰ ਦੀਆਂ ਅਪਰਾਧਿਕ ਗਤੀਵਿਧੀਆਂ, ਤਸਕਰੀ, ਅਪਰਾਧੀਆਂ ਦੀ ਆਵਾਜਾਈ ਅਤੇ ਮਨੁੱਖਾਂ ਦੀ ਤਸਕਰੀ ਦੀਆਂ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਕੇ ਅਪਰਾਧ-ਮੁਕਤ ਸਰਹੱਦਾਂ ਨੂੰ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਸਰਹੱਦ ਨੂੰ ਸੁਰੱਖਿਅਤ ਬਣਾਉਣ ਲਈ ਕੰਡਿਆਲੀ ਤਾਰ ਦੀ ਵਾੜ ਲਗਾਉਣਾ, ਸਰਹੱਦ 'ਤੇ ਰੋਸ਼ਨੀ ਕਰਨਾ, ਤਕਨੀਕੀ ਉਪਕਰਣਾਂ ਦੀ ਸਥਾਪਨਾ ਕਰਨਾ ਅਤੇ ਪਸ਼ੂਆਂ ਲਈ ਵਾੜ ਲਗਾਉਣਾ ਆਦਿ ਵਰਗੇ ਉਪਾਅ ਕੀਤੇ ਗਏ ਹਨ।

4. ਭਾਰਤ ਨੇ ਆਪਣੀ ਉਮੀਦ ਜਤਾਈ ਕਿ ਬੰਗਲਾਦੇਸ਼ ਵੱਲੋਂ ਪਹਿਲਾਂ ਦੇ ਸਾਰੇ ਸਮਝੌਤਿਆਂ ਨੂੰ ਲਾਗੂ ਕੀਤਾ ਜਾਵੇਗਾ ਅਤੇ ਸਰਹੱਦ ਪਾਰ ਦੇ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਇੱਕ ਸਹਿਯੋਗੀ ਪਹੁੰਚ ਅਪਣਾਈ ਜਾਵੇਗੀ।

ਨਵੀਂ ਦਿੱਲੀ

13 ਜਨਵਰੀ, 2025